3558
22 MAY 2015

ਪੰਜਾਬ ਸਰਕਾਰ
ਸਿੰਚਾਈ ਵਿਭਾਗ
( ਸਿੰਚਾਈ ਪ੍ਰਸੋਨਲ-1 ਸ਼ਾਖਾ)
ਹੁਕਮ

ਸ੍ਰੀ ਅਜੇ ਕੁਮਾਰ ਬਾਲੀ, ਮੁੱਖ ਇੰਜੀਨੀਅਰ, ਭਾਖੜਾ ਡੈਮ, ਬੀ.ਬੀ.ਐਮ.ਬੀ, ਨੰਗਲ, ਜੋ ਕਿ ਮਿਤੀ 31-05-2015 ਨੂੰ 59 ਸਾਲ ਦੀ ਉਮਰ ਪੂਰੀ ਹੋਣ ਤੇ ਵਿੱਤ ਵਿਭਾਗ ਦੇ ਪੱਤਰ ਨੰ: 22/2/2012-3 ਐਫ.ਪੀ 2/475 ਮਿਤੀ 8-10-2012 ਅਤੇ ਬਾਅਦ ਦੀਆਂ 22/2/2012-3 ਐਫ.ਪੀ (2)/471 ਮਿਤੀ 20-9-2013 ਰਾਹੀ ਜਾਰੀ ਹੋਈਆਂ ਹਦਾਇਤਾਂ ਦੇ ਸਨਮੁੱਖ ਅਤੇ ਉਸ ਵਲੋਂ ਮਿਤੀ 03/02/2015 ਨੂੰ ਨਿਰਧਾਰਤ ਪ੍ਰੋਫਾਰਮੇ ਵਿਚ ਪੇਸ਼ ਕੀਤੀ ਆਪਸ਼ਨ ਦੇ ਅਧਾਰ ਤੇ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਸਰਕਾਰੀ ਸੇਵਾ ਵਿਚ ਇੱਕ ਸਾਲ ਦਾ ਹੋਰ ਵਾਧਾ ਮਿਤੀ 1-06-2015 ਤੋਂ 31-05-2016 ਤੱਕ ਮੰਨਜੂਰ ਕੀਤਾ ਜਾਂਦਾ ਹੈ :-

ੳ) ਵਧੇ ਹੋਏ ਸੇਵਾ ਕਾਲ ਦੌਰਾਨ ਸਬੰਧਤ ਅਧਿਕਾਰੀ, ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ , ਜਿਲਦ-1, ਭਾਗ-1 ਦੇ ਨਿਯਮ 3.26 ਦੇ ਕਲਾਜ (ਬੀ) ਅਨੁਸਾਰ ਤਨਖਾਹ ਡਰਾਅ ਕਰਨ ਦਾ ਹੱਕਦਾਰ ਹੋਵੇਗਾ ਅਰਥਾਤ ਉਹ ਵੱਧ ਵਰ੍ਹਾ ਸੇਵਾ ਨਵਿਰਤੀ ਦੀ ਮਿਤੀ ਨੂੰ ਮਿਲਣਯੋਗ ਆਖਰੀ ਤਨਖਾਹ ਦੇ ਬਰਾਬਰ ਤਨਖਾਹ ਲਵੇਗਾ। ਜਿਸ ਉਤੇ ਨਿਯਮਾ ਅਨੁਸਾਰ ਸਮੇਂ-ਸਮੇਂ ਤੇ ਬਣੇ ਭੱਤੇ ਵੀ ਮਿਲਣਯੋਗ ਹੋਣਗੇ।

ਅ) ਵਧੇ ਹੋਏ ਸਕੇਲ ਦੌਰਾਨ ਪਦ-ਉੱਨਤੀ ਦੀ ਆਸਾਮੀ ਉਪਲਬਧ ਹੋਣ ਦੀ ਸੂਰਤ ਵਿਚ ਸਬੰਧਤ ਅਧਿਕਾਰੀ ਨਿਯਮਾਂ ਅਨੁਸਾਰ ਅਜਿਹੀ ਆਸਾਮੀ ਦੇ ਵਿਰੁੱਧ ਪਦ-ਉਨਤੀ ਲਈ ਵਿਚਾਰੇ ਜਾਣ ਦਾ ਪਾਤਰ ਹੋਵੇਗਾ ਅਤੇ ਪਦ-ਉਨਤੀ ਦੀ ਸੂਰਤ ਵਿਚ ਉਸ ਦੀ ਤਨਖਾਹ ਸਬੰਧਤ ਨਿਸਮਾ ਅਨੁਸਾਰ ਪੱਦ-ਉਨਤੀ ਦਾ ਲਾਭ ਦਿੰਦੇ ਹੋਏ , ਨਿਸ਼ਚਿਤ ਕੀਤੀ ਜਾਵੇਗੀ।

ੲ) ਸਬੰਧਤ ਅਧਿਕਾਰੀ ਨੂੰ ਸੇਵਾ ਨਵਿਰਤੀ ਉਪਰੰਤ ਮਿਲਣਯੋਗ ਸਾਰੇ ਪੈਨਸ਼ਨਰੀ ਲਾਭ, ਉਸ ਦੇ ਵਿੱਤ/ ਪ੍ਰਸੋਨਲ ਵਿਭਾਗ ਵਲੋਂ ਭਵਿੱਖ ਵਿਚ ਵੀਸਮੇ ਤੇ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਤੇ ਵੀ ਨਿਰਭਰ ਕਰੇਗਾ।

2. ਇਹ ਵਾਧਾ ਵਿੱਤ/ਪ੍ਰਸੋਨਲ ਵਿਭਾਗ ਵਲੋ ਭਵਿੱਖ ਵਿਚ ਵੀ ਸਮੇ-ਸਮੇ ਤੇ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਤੇ ਵੀ ਨਿਰਭਰ ਹੋਵੇਗਾ।

3. ਇਹ ਵਾਧਾ ਵਿੱਤ ਵਿਭਾਗ ਵਲੋ ਭਵਿੱਖ ਵਿੱਚ ਜਾਰੀ ਹਦਾਇਤਾਂ/ ਆਪ ਵਿਰੁੱਧ ਕੋਈ ਵੀ ਅਨੁਸਾਸਨੀ ਕਾਰਵਾਈ/ ਵਿਜੀਲੈਂਸ ਕੇਸ/ ਕੋਰਟ ਕੇਸ ਆਦਿ ਸਰਕਾਰ ਦੇ ਧਿਆਨ ਵਿਚ ਆਇਆ ਤਾਂ ਇਹ ਵਾਧਾ ਵਾਪਸ ਲੈ ਲਿਆ ਜਾਵੇਗਾ।

ਕਾਹਨ ਸਿੰਘ ਪੰਨੂੰ,
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ ।

ਮਿਤੀ,ਚੰਡੀਗੜ੍ਹ
29-04-2015

ਪਿੱਠ.ਅੰ.ਨੰ: 16/05/2014-1 ਸਿੰ.ਪ੍ਰੋ1/ 493215/4 ਮਿਤੀ,ਚੰਡੀਗੜ੍ਹ: 26/5/15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ, ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ ਨੂੰ ਉਨਾਂ ਦੇ ਪੱਤਰ ਨੰ: 1081/13ਈਈ1/2015 ਮਿਤੀ 20-03-2015 ਦੇ ਹਵਾਲੇ ਵਿਚ;
2. ਮੁੱਖ ਇੰਜੀਨੀਅਰ, ਚੌਕਸੀ ਅਤੇ ਕੁਆਲਟੀ ਕੰਟਰੋਲ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ;
3. ਸਮੂਹ ਮੁੱਖ ਇੰਜੀਨੀਅਰ, ਸਿੰਚਾਈ ਕਾਰਜ, ਪੰਜਾਾਬ,ਚੰਡੀਗੜ;
4. ਕਾਰਜਕਾਰੀ ਇੰਜੀਨੀਅਰ, ਇੰਚਾਰਜ ਕੰਪਿਊਟਰ ਸੈਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
5. ਸਕੱਤਰ, ਬੀ.ਬੀ.ਐਮ.ਬੀ, ਸੈਕਟਰ-19, ਮੱਧਿਆ ਮਾਰਗ, ਚੰਡੀਗੜ੍ਹ;
6. ਮਹਾਂਲੇਖਾਰ ( ਲੇਖਾ ਅਤੇ ਹੱਕਦਾਰੀ) , ਪੰਜਾਬ, ਚੰਡੀਗੜ੍ਹ;
7. ਸ੍ਰੀ ਅਜੇ ਕੁਮਾਰ ਬਾਲੀ, ਮੁੱਖ ਇੰਜੀਨੀਅਰ, ਭਾਖੜਾ ਡੈਮ, ਬੀ.ਬੀ.ਐਮ.ਬੀ, ਨੰਗਲ (ਰੋਪੜ)।

ਸੁਪਰਡੰਟ